# ਕੀ ਮੈਨੂੰ ਰੈਜ਼ੀਡੈਂਸ਼ੀਅਲ ਟੈਨੈਂਸੀ ਐਕਟ (ਆਰਟੀਏ) ਕਵਰ ਕਰਦਾ ਹੈ?

TRAC
TENANT RESOURCE & ADVISORY CENTRE
Unit #150-900 Howe St
Vancouver, BC V6Z 2M4
1-800-665-1185
tenants.bc.ca

## ਕਵਰ ਕੀਤੇ ਜਾਂਦੇ

**ਮੁਖ ਤੌਰ ‘ਤੇ ਕਿਰਾਏ ‘ਤੇ ਦਿੱਤੇ ਜਾਣ ਵਾਲੀ ਰਿਹਾਇਸ਼ ਅਤੇ ਸੈਕੰਡਰੀ ਸੁਈਟਾਂ**
ਉਦਾਹਰਨ ਲਈ ਕਿਰਾਏ ‘ਤੇ ਦਿੱਤੇ ਜਾਣ ਵਾਲੇ ਅਪਾਰਟਮੈਂਟ, ਮਕਾਨ, ਅਤੇ ਬੇਸਮੈਂਟ ਸੁਈਟਾਂ

**ਗੈਰ-ਕਾਨੂੰਨੀ ਸੁਈਟਾਂ**
ਉਦਾਹਰਨ ਲਈ ਉਹ ਯੂਨਿਟ ਜਿਹੜੇ ਸ਼ਹਿਰ ਦੇ ਨਿਯਮਾਂ (ਸਿਟੀ ਬਾਈ ਲਾਅ) ਨੂੰ ਪੂਰਾ ਨਹੀਂ ਕਰਦੇ ਜਾਂ ਸ਼ਹਿਰ ਵਿੱਚ ਰਜਿਸਟਰਡ ਨਹੀਂ ਹਨ।

**ਸਬਲੈਟ** ਜਿੱਥੇ ਤੁਸੀਂ ਕਿਸੇ ਕਿਰਾਏਦਾਰ ਤੋਂ ਯੂਨਿਟ ਕਿਰਾਏ 'ਤੇ ਲੈਂਦੇ ਹੋ ਜੋ ਕੱਚੇ ਤੌਰ 'ਤੇ ਯੂਨਿਟ ‘ਚੋਂ ਬਾਹਰ ਮੂਵ ਹੋ ਜਾਂਦਾ ਹੈ। ਮੁਢਲੇ ਕਿਰਾਏਦਾਰ ਤੁਹਾਡੇ ਮਕਾਨ ਮਾਲਕ ਬਣ ਜਾਂਦੇ ਹਨ ਅਤੇ ਤੁਹਾਨੂੰ ਯੂਨਿਟ ਦਾ ਪੂਰਾ ਕਬਜ਼ਾ ਦਿੰਦੇ ਹਨ।[1]

**ਸਬਸਿਡੀ ਵਾਲੀ ਰਿਹਾਇਸ਼**
ਉਦਾਹਰਨ ਲਈ, ਬੀ.ਸੀ. ਹਾਊਸਿੰਗ, ਗੈਰ-ਮੁਨਾਫ਼ਾ ਰਿਹਾਇਸ਼, ਜਾਂ SAFER ਵਰਗੇ ਪ੍ਰੋਗਰਾਮਾਂ ਦੀ ਸਹਾਇਤਾ ਨਾਲ (ਸਬਸਿਡੀ) ਪ੍ਰਾਈਵੇਟ ਤੌਰ ‘ਤੇ ਲਈਆਂ ਕਿਰਾਏ ਵਾਲੀਆਂ ਰਿਹਾਇਸ਼ਾਂ।

**ਸਪੋਰਟਿਵ (ਸਹਾਇਤਾ ਦੇਣ ਵਾਲੀ) ਰਿਹਾਇਸ਼**[2]
ਨੋਟ: ਮਹਿਮਾਨਾਂ, ਮਕਾਨ ਮਾਲਕ ਦੇ ਦਾਖਲੇ, ਅਤੇ ਸ਼ਾਂਤੀਪੂਰਵਕ ਰਹਿਣ ਦੇ ਅਧਿਕਾਰ ਨੂੰ ਕਵਰ ਕਰਨ ਵਾਲੀਆਂ ਆਰਟੀਏ ਦੀਆਂ ਧਰਾਵਾਂ ਲਾਗੂ ਨਹੀਂ ਹੁੰਦੀਆਂ।

**ਸਿੰਗਲ ਰੂਮ ਆਕਿਉਪੈਂਸੀ (ਐੱਸ ਆਰ ਓ) (ਇਕ ਕਮਰਾ ਕਿਰਾਏ ‘ਤੇ ਦੇਣ ਵਾਲੀਆਂ) ਇਮਾਰਤਾਂ ਅਤੇ ਹੋਟਲ** ਜੇਕਰ ਇਹ ਤੁਹਾਡਾ ਮੁੱਖ ਅਤੇ ਸਥਾਈ ਘਰ ਹੈ।

**ਜ਼ੁਬਾਨੀ ਜਾਂ “ਇਮਪਲਾਈਡ” ("ਅਸਪੱਸ਼ਟ") ਕਿਰਾਏਦਾਰੀਆਂ**
ਉਦਾਹਰਨ ਲਈ ਜੇਕਰ ਤੁਹਾਡੇ ਕੋਲ ਲਿਖਤੀ ਇਕਰਾਰਨਾਮਾ ਨਹੀਂ ਹੈ ਪਰ ਮੂੰਹ-ਜ਼ੁਬਾਨੀ ਕਿਰਾਏਦਾਰੀ ਲਈ ਸਹਿਮਤੀ ਦਿੱਤੀ ਹੈ। ਕਿਰਾਏਦਾਰੀ ਇਕਰਾਰਨਾਮਾ ਲਿਖਤੀ ਰੂਪ ਵਿੱਚ, ਜ਼ੁਬਾਨੀ ਵਿਚਾਰ-ਚਰਚਾ ਰਾਹੀਂ, ਜਾਂ ਵਿਹਾਰ ਰਾਹੀਂ ਹੋ ਸਕਦਾ ਹੈ।

**ਕੋ-ਅੱਪ ਹਾਊਸਿੰਗ** ਕਿਸੇ ਕੋ-ਅੱਪ (ਸਹਿਕਾਰੀ) ਮੈਂਬਰ ਦੁਆਰਾ ਕਿਸੇ ਗੈਰ-ਮੈਂਬਰ ਨੂੰ ਕਿਰਾਏ 'ਤੇ ਦਿੱਤਾ ਗਿਆ।

**ਮੋਬਾਈਲ ਘਰ** ਜੇਕਰ ਤੁਸੀਂ ਘਰ ਅਤੇ ਜਿਸ ਜ਼ਮੀਨ ‘ਤੇ ਉਹ ਰੱਖਿਆ ਹੋਇਆ ਹੈ ਦੋਵੇਂ ਕਿਰਾਏ 'ਤੇ ਲੈ ਰਹੇ ਹੋ।

**ਸਟਰਾਟਾ ਪ੍ਰਾਪਰਟੀ ਵਿੱਚ ਯੂਨਿਟਾਂ** ਜਿਹੜੀਆਂ ਸਟਰਾਟਾ ਦੇ ਮਾਲਕ ਦੁਆਰਾ ਕਿਰਾਏਦਾਰ ਨੂੰ ਕਿਰਾਏ 'ਤੇ ਦਿੱਤੀਆਂ ਜਾਂਦੀਆਂ ਹਨ, ਜਿਵੇਂ ਕਾਂਡੋ ਅਤੇ ਟਾਊਨਹਾਊਸ। ਇਹ ਸਟਰਾਟਾ ਪ੍ਰਾਪਰਟੀ ਐਕਟ ਦੁਆਰਾ ਵੀ ਕਵਰ ਕੀਤੀਆਂ ਜਾਂਦੀਆਂ ਹਨ।

## ਕਵਰ ਨਹੀਂ ਕੀਤੇ ਜਾਂਦੇ

**ਕਿਰਾਏ ਦਾ ਘਰ ਜਿਸ ਵਿੱਚ ਤੁਸੀਂ ਆਪਣੇ ਮਕਾਨ ਮਾਲਕ ਨਾਲ ਰਸੋਈ ਅਤੇ/ਜਾਂ ਬਾਥਰੂਮ ਸਾਂਝਾ ਕਰਦੇ ਹੋ।**

**ਰਹਿਣ ਵਾਲੇ** ਜਿਨ੍ਹਾਂ ਦੇ ਨਾਂ ਕਿਰਾਏਦਾਰੀ ਦੇ ਇਕਰਾਰਨਾਮੇ 'ਤੇ ਨਾ ਹੋਣ ਪਰ ਇੱਕ ਜਾਂ ਵੱਧ ਕਿਰਾਏਦਾਰਾਂ ਨਾਲ ਯੂਨਿਟ ਸ਼ੇਅਰ ਕਰ ਰਹੇ ਹੋਣ।

**ਵਿਦਿਆਰਥੀਆਂ ਅਤੇ ਕਰਮਚਾਰੀਆਂ ਲਈ ਰਿਹਾਇਸ਼** ਜਿਹੜੀ ਕਾਲਜ ਜਾਂ ਯੂਨੀਵਰਸਿਟੀ ਦੁਆਰਾ ਪ੍ਰਦਾਨ ਕੀਤੀ ਗਈ ਹੋਵੇ।

**ਐਮਰਜੈਂਸੀ ਸ਼ੈਲਟਰ ਅਤੇ ਟ੍ਰਾਂਜ਼ੀਸ਼ਨਲ ਰਿਹਾਇਸ਼।**[3]


**ਰਿਹਾਇਸ਼ ਅਧਾਰਤ ਸਿਹਤ ਸੰਭਾਲ ਕੇਂਦਰ** ਜਿਹੜੇ ਮਹਿਮਾਨ ਨਿਵਾਜ਼ੀ ਦੀਆਂ ਸਹਾਇਤਾ ਸੇਵਾਵਾਂ ਅਤੇ ਨਿੱਜੀ ਸਿਹਤ ਸੰਭਾਲ ਪ੍ਰਦਾਨ ਕਰਦੇ ਹਨ।[4]


**ਮੁੜ-ਬਹਾਲੀ (ਰੀਹੈਬਲੀਟੇਸ਼ਨ) ਜਾਂ ਥੈਰੇਪੀ ਸੰਬੰਧੀ ਇਲਾਜਾਂ ਜਾਂ ਸੇਵਾਵਾਂ ਦੌਰਾਨ ਪ੍ਰਦਾਨ ਕੀਤੀ ਗਈ ਰਿਹਾਇਸ਼।**[5]

**ਇੱਕ ਇਕਰਾਰਨਾਮੇ ਦੇ ਤਹਿਤ, ਮੁੱਖ ਤੌਰ 'ਤੇ ਕਾਰੋਬਾਰ ਲਈ ਵਰਤੀ ਜਾਂਦੀ ਜਾਇਦਾਦ ਵਿੱਚ ਸ਼ਾਮਲ ਕੀਤੀ ਜਾਂਦੀ ਰਿਹਾਇਸ਼।**
ਉਦਾਹਰਨ ਲਈ, ਜੇਕਰ ਤੁਸੀਂ ਕਿਸੇ ਕਾਰੋਬਾਰ ਲਈ ਇੱਕ ਯੂਨਿਟ ਕਿਰਾਏ 'ਤੇ ਲੈਂਦੇ ਹੋ ਅਤੇ ਪ੍ਰਾਪਰਟੀ ਦੇ ਕੁਝ ਹਿੱਸੇ ਨੂੰ ਰਿਹਾਇਸ਼ ਲਈ ਵਰਤਦੇ ਹੋ।

**ਕੋ-ਅੱਪ ਹਾਊਸਿੰਗ** ਸਹਿਕਾਰੀ ਸੰਸਥਾ ਦੁਆਰਾ ਸਹਿਕਾਰੀ ਸੰਸਥਾ ਦੇ ਮੈਂਬਰ ਨੂੰ ਕਿਰਾਏ 'ਤੇ ਦਿੱਤੀ ਗਈ ਹੋਵੇ।

**ਮੋਬਾਈਲ ਘਰ** ਜੇਕਰ ਤੁਸੀਂ ਜ਼ਮੀਨ ਕਿਰਾਏ 'ਤੇ ਲੈਂਦੇ ਹੋ ਪਰ ਘਰ ਦੇ ਮਾਲਕ ਹੋ। ਇਸ ਮਾਮਲੇ ਵਿੱਚ ਤੁਸੀਂ ਇੱਕ ਵੱਖਰੇ ਕਾਨੂੰਨ ਦੁਆਰਾ ਕਵਰ ਕੀਤੇ ਜਾਂਦੇ ਹੋ ਜਿਸ ਨੂੰ ਮੈਨੂਫੈਕਚਰਡ ਹੋਮ ਪਾਰਕ ਟੈਨੈਂਸੀ ਐਕਟ ਕਿਹਾ ਜਾਂਦਾ ਹੈ।








## ਮੁੱਖ ਪਰਿਭਾਸ਼ਾਵਾਂ

**ਲੈਂਡਲਾਰਡ (ਮਕਾਨ ਮਾਲਕ)**
ਵਿਅਕਤੀ ਜਾਂ ਕੰਪਨੀ ਜਿਹੜੀ ਇਮਾਰਤ ਦੀ ਮਾਲਕ ਹੈ ਅਤੇ ਉਹ ਇਸ ਨੂੰ ਕਿਰਾਏਦਾਰ ਨੂੰ ਕਿਰਾਏ 'ਤੇ ਦਿੰਦੀ ਹੈ।

ਇਸ ਵਿੱਚ ਪ੍ਰਾਪਰਟੀ ਦੇ ਮੈਨੇਜਰ ਜਾਂ ਲੈਂਡਲਾਰਡ ਦੁਆਰਾ ਇਮਾਰਤ ਦੀ ਦੇਖਭਾਲ ਲਈ ਨਿਯੁਕਤ ਕੀਤਾ ਗਿਆ "ਏਜੰਟ" ਸ਼ਾਮਲ ਹੈ।

**ਰੈਜ਼ੀਡੈਂਸ਼ੀਅਲ ਟੈਨੈਂਸੀ ਐਕਟ (ਆਰਟੀਏ) (ਰਿਹਾਇਸ਼ੀ ਕਿਰਾਏਦਾਰੀ ਐਕਟ)**
ਬੀਸੀ ਵਿੱਚ ਮਕਾਨ ਮਾਲਕਾਂ ਅਤੇ ਕਿਰਾਏਦਾਰਾਂ ਦੇ ਅਧਿਕਾਰਾਂ ਅਤੇ ਜ਼ਿੰਮੇਵਾਰੀਆਂ ਨੂੰ ਨਿਯੰਤ੍ਰਿਤ ਕਰਨ ਵਾਲਾ ਕਾਨੂੰਨ।

ਇਸ ਕਾਨੂੰਨ ਤਹਿਤ ਕਵਰ ਕੀਤੇ ਜਾਣ ਵਾਲੇ ਮਕਾਨ ਮਾਲਕ ਅਤੇ ਕਿਰਾਏਦਾਰ **ਇਸ ਤੋਂ ਬਾਹਰ ਰਹਿਣ ਦੀ ਚੋਣ ਨਹੀਂ ਕਰ ਸਕਦੇ।**

**ਰੈਜ਼ੀਡੈਂਸ਼ੀਅਲ ਟੈਨੈਂਸੀ ਬਰਾਂਚ (ਆਰਟੀਬੀ) (ਰਿਹਾਇਸ਼ੀ ਕਿਰਾਏਦਾਰੀ ਸ਼ਾਖਾ)**
ਬੀਸੀ ਸਰਕਾਰ ਦਾ ਵਿਭਾਗ ਜਿਹੜਾ ਮਕਾਨ ਮਾਲਕਾਂ ਅਤੇ ਕਿਰਾਏਦਾਰਾਂ ਵਿਚਕਾਰ ਮਤਭੇਦਾਂ ਉੱਪਰ ਆਰਟੀਏ ਅਤੇ ਨਿਯਮ ਲਾਗੂ ਕਰਦਾ ਹੈ।

ਜੇਕਰ ਤੁਹਾਡਾ ਮਕਾਨ ਮਾਲਕ ਕਾਨੂੰਨ ਦੀ ਪਾਲਣਾ ਨਹੀਂ ਕਰ ਰਿਹਾ ਹੈ, ਤਾਂ ਤੁਸੀਂ ਆਰਟੀਬੀ ਵਿਖੇ ਵਿਵਾਦ ਨਿਪਟਾਰੇ ਲਈ ਅਰਜ਼ੀ ਦੇ ਸਕਦੇ ਹੋ।

**ਹੋਰ ਜਾਣਕਾਰੀ ਲਈ**

1 ਸਬਲੈਟ ਅਤੇ ਰਹਿਣ ਵਾਲਿਆਂ (ਆਕਿਉਪੈਂਟਸ) ਬਾਰੇ ਵਧੇਰੇ ਜਾਣਕਾਰੀ ਲਈ ਆਰਟੀਬੀ ਦੀ ਪਾਲਿਸੀ ਗਾਈਡਲਾਈਨ 19 ਵੇਖੋ।

2 ਸਪੋਰਟਿਵ ਰਿਹਾਇਸ਼ਾਂ ਬਾਰੇ ਪਰਿਭਾਸ਼ਾਵਾਂ ਲਈ ਰੈਜ਼ੀਡੈਂਸ਼ੀਅਲ ਟੈਨੈਂਸੀ ਰੈਗੂਲੇਸ਼ਨ (ਰਿਹਾਇਸ਼ੀ ਕਿਰਾਏਦਾਰੀ ਨਿਯਮ) (ਆਰਟੀਆਰ) 2.1 ਵੇਖੋ।

3, 4, 5 ਟ੍ਰਾਂਜ਼ੀਸ਼ਨਲ ਰਿਹਾਇਸ਼, ਰਿਹਾਇਸ਼-ਅਧਾਰਤ ਸਿਹਤ ਸੰਭਾਲ ਕੇਂਦਰ, ਅਤੇ ਮੁੜ-ਬਹਾਲੀ ਸੇਵਾਵਾਂ ਦੌਰਾਨ ਪ੍ਰਦਾਨ ਕੀਤੀ ਜਾਂਦੀ ਰਿਹਾਇਸ਼ ਬਾਰੇ ਜਾਣਕਾਰੀ ਲਈ ਆਰਟੀਬੀ ਦੀ ਪਾਲਿਸੀ ਗਾਈਡਲਾਈਨ 46 ਵੇਖੋ।

6 ਰਿਜ਼ਰਵ ਅਤੇ ਸੰਧੀ ਵਾਲੀਆਂ ਜ਼ਮੀਨਾਂ ਉੱਪਰ ਆਰਟੀਏ ਦੇ ਅਧਿਕਾਰ ਖੇਤਰ ਬਾਰੇ ਵਧੇਰੇ ਜਾਣਕਾਰੀ ਲਈ ਆਰਟੀਬੀ ਦੀ ਪਾਲਿਸੀ ਗਾਈਡਲਾਈਨ 27 ਸੈਕਸ਼ਨ ਡੀ ਅਤੇ ਈ ਵੇਖੋ।

# ਰਿਜ਼ਰਵ ਅਤੇ ਸੰਧੀ ਵਾਲੀਆਂ ਜ਼ਮੀਨਾਂ ਉੱਪਰ ਕਿਰਾਏਦਾਰ ਦੇ ਅਧਿਕਾਰ

## ਕੀ ਰਿਜ਼ਰਵ ਜ਼ਮੀਨ ਉੱਪਰ ਰਿਹਾਇਸ਼ 'ਤੇ ਆਰਟੀਏ ਲਾਗੂ ਹੁੰਦਾ ਹੈ?[6]

**ਜ਼ਿਆਦਾਤਰ ਮਾਮਲਿਆਂ ਵਿੱਚ, ਨਹੀਂ।** ਫਸਟ ਨੇਸ਼ਨਜ਼ ਅਤੇ ਬੈਂਡ ਆਪਣੇ ਕਿਰਾਏਦਾਰੀ ਕਾਨੂੰਨ ਬਣਾਉਂਦੇ ਅਤੇ ਚਲਾਉਂਦੇ ਹਨ। ਬੈਂਡ ਦੀਆਂ ਰਿਹਾਇਸ਼ ਸੰਬੰਧੀ ਨੀਤੀਆਂ ਆਮ ਤੌਰ 'ਤੇ ਸਿਰਫ਼ ਬੈਂਡ ਤੋਂ ਕਿਰਾਏ 'ਤੇ ਲਈਆਂ ਗਈਆਂ ਰਿਹਾਇਸ਼ਾਂ ਨੂੰ ਹੀ ਕਵਰ ਕਰਦੀਆਂ ਹਨ। ਭਾਵੇਂ ਧਿਰਾਂ ਇਸ ਨੂੰ ਲਾਗੂ ਕਰਨ ਲਈ ਸਹਿਮਤ ਹੋਣ ਜਾਂ ਆਰਟੀਬੀ ਦੇ ਫਾਰਮਾਂ ਦੀ ਵਰਤੋਂ ਕਰਨ ਪਰ ਆਰਟੀਏ ਲਾਗੂ ਨਹੀਂ ਹੁੰਦਾ ।

**ਛੋਟ:** ਸਕੁਆਮਿਸ਼ ਨੇਸ਼ਨ ਰੈਜ਼ੀਡੈਂਸ਼ੀਅਲ ਟੈਨੈਂਸੀ ਰੈਗੂਲੇਸ਼ਨਜ਼ ਦੇ ਤਹਿਤ, ਆਰਟੀਏ ਸਕੁਆਮਿਸ਼ ਨੇਸ਼ਨ ਦੀਆਂ ਰਿਜ਼ਰਵ ਜ਼ਮੀਨਾਂ ਉੱਪਰ ਖਾਸ ਯੂਨਿਟਾਂ 'ਤੇ ਲਾਗੂ ਕੀਤਾ ਜਾ ਸਕਦਾ ਹੈ।

ਰਿਜ਼ਰਵ ਉੱਪਰ ਕਿਰਾਏਦਾਰਾਂ ਦੇ ਅਧਿਕਾਰਾਂ ਬਾਰੇ ਵਧੇਰੇ ਜਾਣਕਾਰੀ ਲਈ, ਸੰਪਰਕ ਕਰੋ: ਬੇਲਾ ਕੂਲਾ ਲੀਗਲ ਐਡਵੋਕੇਸੀ ਪ੍ਰੋਗ੍ਰਾਮ (250) 982-2110 'ਤੇ ਜਾਂ ਇਨਡਿਜਨਸ ਕਮਿਊਨਿਟੀ ਲੀਗਲ ਕਲੀਨਿਕ (604) 822-1311 'ਤੇ।

## ਕੀ ਆਰਟੀਏ ਸੰਧੀ ਵਾਲੀਆਂ ਜ਼ਮੀਨਾਂ ਉੱਪਰ ਰਿਹਾਇਸ਼ਾਂ 'ਤੇ ਲਾਗੂ ਹੁੰਦਾ ਹੈ ਜਿੱਥੇ ਨੇਸ਼ਨ ਦੁਆਰਾ ਕਾਨੂੰਨ ਸਥਾਪਿਤ ਕੀਤੇ ਜਾਂਦੇ ਹਨ?

**ਆਰਟੀਏ ਕੁਝ ਸੋਧਾਂ ਨਾਲ ਲਾਗੂ ਹੁੰਦਾ ਹੈ:**
Toquaht ਨੇਸ਼ਨ
Huu-ay-aht ਫਸਟ ਨੇਸ਼ਨਜ਼
Ka:'yu:'k't'h'/Che:k'tles7et'h' ਫਸਟ ਨੇਸ਼ਨਜ਼

**ਆਰਟੀਏ ਬਿਨਾਂ ਸੋਧ ਦੇ ਲਾਗੂ ਹੁੰਦਾ ਹੈ:**
Yuułuʔiłʔatḥ (ਮਾ-ਨੁਲਥ ਫਸਟ ਨੇਸ਼ਨਜ਼ ਫਾਈਨਲ ਐਗਰੀਮੈਂਟ ਵਿੱਚ ਯੁਕਲਿਲੈੱਟ ਫਸਟ ਨੇਸ਼ਨ ਵਜੋਂ ਜਾਣਿਆ ਜਾਂਦਾ ਹੈ)
Uchucklesaht
Tsawwassen ਨੇਸ਼ਨ
Nisga'a ਨੇਸ਼ਨ

Tla'amin ਨੇਸ਼ਨ
**'ਤੇ ਆਰਟੀਏ ਲਾਗੂ ਨਹੀਂ ਹੁੰਦਾ ਹੈ**

TRAC ਨੂੰ ਇਹਨਾਂ ਤੋਂ ਲਗਾਤਾਰ ਸਹਾਇਤਾ ਮਿਲਦੀ ਹੈ: Punjabi

Department of Justice Canada Ministère de la Justice Canada

ਇਹ ਆਮ ਜਾਣਕਾਰੀ ਹੈ ਜਿਹੜੀ ਬ੍ਰਿਟਿਸ਼ ਕੋਲੰਬੀਆ, ਕੈਨੇਡਾ 'ਤੇ ਲਾਗੂ ਹੁੰਦੀ ਹੈ। TRAC ਇਸ ਗੱਲ ਦੀ ਗਰੰਟੀ ਨਹੀਂ ਦੇ ਸਕਦਾ ਕਿ ਇਹ ਵਰਤਮਾਨ ਦੀ ਹੈ ਜਾਂ ਪੂਰੀ ਹੈ। ਇਹ ਤੱਥ ਸ਼ੀਟ ਖਾਸ ਕਾਨੂੰਨੀ ਸਮੱਸਿਆਵਾਂ ਲਈ ਕਾਨੂੰਨੀ ਸਲਾਹ ਵਜੋਂ ਨਹੀਂ ਹੈ। ਆਪਣੇ ਜੋਖਮ 'ਤੇ ਵਰਤੋ ਅਤੇ ਜੇਕਰ ਤੁਹਾਨੂੰ ਕਾਨੂੰਨੀ ਸਲਾਹ ਦੀ ਲੋੜ ਹੈ ਤਾਂ ਕਿਸੇ ਵਕੀਲ ਨਾਲ ਸਲਾਹ ਕਰੋ। V1 July, 2025.